# मांग लो मुरादां मांग लो

ਚਰਨਾਂ ਦੇ ਵਿੱਚ, ਸੀਸ ਨਿਵਾਈਏ ।
ਮਿਲ ਕੇ ਮਾਂ ਦੀਆਂ, ਭੇਟਾਂ ਗਾਈਏ ॥,,
*ਮਾਂ ਵੀ ਸੁੱਖਾਂ, ਵੰਡਦੀ ਭਗਤੋ ॥, ਤੁਸੀਂ ਵੀ, ਪੱਲਾ ਕਰ ਲਓ,
ਸ਼ੇਰਾਂਵਾਲੀ ਦੇ ਦਰਬਾਰ ਤੋਂ...
ਮੰਗ ਲਓ, ਮੁਰਾਦਾਂ ਮੰਗ ਲਓ... ( ਸ਼ੇਰਾਂਵਾਲੀ ਦੇ ਦਰਬਾਰ ਤੋਂ )
ਖ਼ਾਲੀ, ਝੋਲੀਆਂ ਭਰ ਲਓ.. ( ਸ਼ੇਰਾਂਵਾਲੀ ਦੇ ਦਰਬਾਰ ਤੋਂ )

ਸਭਨਾਂ ਦੇ ਦੁੱਖ, ਦੂਰ ਕਰੇ ਮਾਂ, ਸਭ ਦੀ ਪੀੜ੍ਹ ਪਛਾਣੇ ।
ਦਾਤੀ ਦੇ ਲਈ, ਫ਼ਰਕ ਨਾ ਕੋਈ, ਕੀ ਰਾਜੇ ਕੀ ਰਾਣੇ ॥
*ਮੇਹਰਾਂਵਾਲੀ, ਮੇਹਰਾਂ ਕਰਦੀ ॥, ਮਨ ਚਾਹਿਆ, ਅੱਜ ਵਰ ਲਓ,
ਸ਼ੇਰਾਂਵਾਲੀ ਦੇ ਦਰਬਾਰ ਤੋਂ..
ਮੰਗ ਲਓ, ਮੁਰਾਦਾਂ ਮੰਗ ਲਓ.. ( ਸ਼ੇਰਾਂਵਾਲੀ ਦੇ ਦਰਬਾਰ ਤੋਂ )
ਖ਼ਾਲੀ, ਝੋਲੀਆਂ ਭਰ ਲਓ.. ( ਸ਼ੇਰਾਂਵਾਲੀ ਦੇ ਦਰਬਾਰ ਤੋਂ )

ਸ਼ਰਧਾ ਦੇ ਨਾਲ, ਜੇਹੜਾ ਭਗਤੋ, ਜੈ ਮਾਤਾ ਦੀ ਬੋਲੇ ।
ਉਸ ਦੀ ਨਈਆ, ਜੀਵਨ ਵਾਲੀ, ਕਦੇ ਵੀ ਨਾ ਫਿਰ ਡੋਲ੍ਹੇ ॥
*ਅੰਬੇ ਮਾਂ ਦੀ, ਪੂਜਾ ਕਰਕੇ ॥, ਭਵ ਸਾਗਰ ਚੋਂ, ਤਰ ਲਓ,
ਸ਼ੇਰਾਂਵਾਲੀ ਦੇ ਦਰਬਾਰ ਤੋਂ...
ਮੰਗ ਲਓ, ਮੁਰਾਦਾਂ ਮੰਗ ਲਓ.. ( ਸ਼ੇਰਾਂਵਾਲੀ ਦੇ ਦਰਬਾਰ ਤੋਂ )
ਖ਼ਾਲੀ, ਝੋਲੀਆਂ ਭਰ ਲਓ.. ( ਸ਼ੇਰਾਂਵਾਲੀ ਦੇ ਦਰਬਾਰ ਤੋਂ )

ਵਰ ਦਾਤੀ, ਕਲਿਆਣੀ ਮਾਤਾ, ਅਸ਼ਟ ਭੁਜਾ ਮਹਾਂਰਾਣੀ ।
ਆਠ ਪਹਿਰ ਤੇਰੀ, ਹੋਵੇ ਪੂਜਾ, ਜਗਦੀ ਜੋਤ ਨੂਰਾਨੀ ॥
ਕਸ਼ਟ ਨਿਵਾਰਨ, ਆਈਂ ਜੇ ਮਾਂ ॥, ਭਗਤੋ, ਦੁੱਖੜੇ ਹਰ ਲਓ,
ਸ਼ੇਰਾਂਵਾਲੀ ਦੇ ਦਰਬਾਰ ਤੋਂ...
ਮੰਗ ਲਓ, ਮੁਰਾਦਾਂ ਮੰਗ ਲਓ.. ( ਸ਼ੇਰਾਂਵਾਲੀ ਦੇ ਦਰਬਾਰ ਤੋਂ )
ਖ਼ਾਲੀ, ਝੋਲੀਆਂ ਭਰ ਲਓ.. ( ਸ਼ੇਰਾਂਵਾਲੀ ਦੇ ਦਰਬਾਰ ਤੋਂ )

https://bhajanganga.com/bhajan/lyrics/id/33118/title/MANG-LO-MURADAN-MANG-LO

अपने Android मोबाइल पर BhajanGanga App डाउनलोड करें और भजनों का आनंद ले |